

ਇਸ ਬਾਰੇ ਸੁਣਨਾ ਸੌਖਾ ਨਹੀਂ ਸੀ, ਪਰ ਮੈਨੂੰ ਖੁਸ਼ੀ ਹੈ ਕਿ ਮੇਰਾ ਤੁਰੰਤ ਇਲਾਜ ਹੋ ਗਿਆ।

# ਕਲੇਮਾਈਡੀਆ

## ਤੁਹਾਨੂੰ ਹੁਣ ਕੀ ਕਰਨਾ ਚਾਹੀਦਾ ਹੈ

ਤੁਹਾਡੇ ਸੈਕਸ ਸਾਥੀ ਨੂੰ ਕਲੇਮਾਈਡੀਆ (kla-MID-ee-a) ਹੈ।

ਇਹ ਇੱਕ ਇਲਾਜ-ਯੋਗ ਲਾਗ ਹੈ ਜੋ ਲੋਕਾਂ ਨੂੰ ਸੈਕਸ ਕਰਨ ਵੇਲੇ ਹੋ ਸਕਦੀ ਹੈ। ਤੁਹਾਨੂੰ ਕਲੇਮਾਈਡੀਆ ਵੀ ਹੋ ਸਕਦਾ ਹੈ।

ਤੁਹਾਡੇ ਸਾਥੀ ਨੇ ਕਲੇਮਾਈਡੀਆ ਦਾ ਇਲਾਜ ਕਰਨ ਲਈ ਦਵਾਈ ਲਈ ਹੈ। ਤੁਹਾਨੂੰ ਜਿਨਸੀ ਸੰਚਾਰਿਤ ਲਾਗਾਂ (STI) ਵਾਸਤੇ ਕਿਸੇ ਡਾਕਟਰ ਦੁਆਰਾ ਜਾਂਚਿਆ ਅਤੇ ਟੈਸਟ ਕੀਤਾ ਜਾਣਾ ਚਾਹੀਦਾ ਹੈ ਅਤੇ ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਜਿੰਨੀ ਜਲਦੀ ਹੋ ਸਕੇ ਕਲੇਮਾਈਡੀਆ ਦਾ ਇਲਾਜ ਕਰਵਾਉਣ ਲਈ ਦਵਾਈ ਲਓ।

### ਇਹ ਉਹ ਹੈ ਜੋ ਤੁਹਾਨੂੰ ਜਾਣਨਾ ਚਾਹੀਦਾ ਹੈ:

- ਕਲੇਮਾਈਡੀਆ ਦਾ ਇਲਾਜ ਕਰਨਾ ਆਸਾਨ ਹੈ। ਪਰ ਤੁਹਾਨੂੰ ਅਤੇ ਤੁਹਾਡੇ ਸਾਥੀ(ਆਂ) ਦੋਵਾਂ ਨੂੰ ਜਿੰਨੀ ਜਲਦੀ ਹੋ ਸਕੇ, ਦਿੱਤੀ ਤਜਵੀਜ਼ ਅਨੁਸਾਰ ਦਵਾਈ ਲੈਣੀ ਚਾਹੀਦੀ ਹੈ।
- ਤੁਸੀਂ ਲਿੰਗ, ਯੋਨੀ, ਜਾਂ ਗੁਦਾ ਸੰਬੰਧੀ ਸੈਕਸ ਕਰਕੇ ਕਲੇਮਾਈਡੀਆ ਹੋ ਸਕਦਾ ਹੋ। ਤੁਸੀਂ ਇਹ ਮੌਖਿਕ ਸੈਕਸ (ਮੂੰਹ 'ਤੇ ਲਿੰਗ, ਯੋਨੀ, ਜਾਂ ਗੁਦਾ) ਕਰਕੇ ਵੀ ਸਕਦਾ ਹੈ।
- ਬਹੁਤ ਸਾਰੇ ਲੋਕਾਂ ਨੂੰ ਕਲੇਮਾਈਡੀਆ ਹੁੰਦਾ ਹੈ ਅਤੇ ਉਹ ਇਸ ਨੂੰ ਨਹੀਂ ਜਾਣਦੇ।
- ਕੁਝ ਲੋਕਾਂ ਨੂੰ ਪਿਸ਼ਾਬ ਕਰਨ (ਪਿਸ਼ਾਬ ਕਰਨ) ਸਮੇਂ ਜਲਣ ਹੁੰਦੀ ਹੈ; ਯੋਨੀ, ਲਿੰਗ ਜਾਂ ਗੁਦਾ ਅਨਿਯਮਿਤ ਡਿਸਚਾਰਜ; ਗੁਦਾ ਵਿੱਚੋਂ ਖੂਨ ਵਗਣਾ ਜਾਂ ਪੇਡੂ ਦਾ ਦਰਦ।
- ਜੇਕਰ ਤੁਸੀਂ ਇਲਾਜ ਨਹੀਂ ਕਰਵਾਉਂਦੇ, ਤਾਂ ਤੁਸੀਂ ਬਹੁਤ ਬੀਮਾਰ ਹੋ ਸਕਦੇ ਹੋ ਜਾਂ ਤੁਸੀਂ ਬੱਚੇ ਪੈਦਾ ਕਰਨ ਦੇ ਯੋਗ ਨਹੀਂ ਰਹੋਗੇ।
- ਜਿਹੜੇ ਲੋਕ ਇਲਾਜ ਨਹੀਂ ਕਰਵਾਉਂਦੇ ਅਤੇ ਬਾਅਦ ਵਿੱਚ ਗਰਭਵਤੀ ਹੋ ਜਾਂਦੇ ਹਨ, ਕਲੇਮਾਈਡੀਆ ਉਨ੍ਹਾਂ ਦੇ ਬੱਚਿਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

### ਉਹ ਗੋਲੀਆਂ ਲਓ ਜੋ ਤੁਹਾਡਾ ਸਾਥੀ ਤੁਹਾਡੇ ਲਈ ਲਿਆਉਂਦਾ ਹੈ।

ਤੁਹਾਡਾ ਸਾਥੀ ਤੁਹਾਡੇ ਲਈ ਗੋਲੀਆਂ ਜਾਂ ਉਨ੍ਹਾਂ ਨੂੰ ਲੈਣ ਲਈ ਕੋਈ ਤਜਵੀਜ਼ ਲੈ ਕੇ ਆ ਸਕਦਾ ਹੈ। ਕਿਸੇ ਵੀ ਤਰੀਕੇ ਨਾਲ, ਇਹ ਮਹੱਤਵਪੂਰਨ ਹੈ ਕਿ ਜਿੰਨੀ ਜਲਦੀ ਸੰਭਵ ਹੋ ਸਕੇ ਉਨ੍ਹਾਂ ਨੂੰ ਦਿੱਤੀ ਤਜਵੀਜ਼ ਅਨੁਸਾਰ ਲਵੋ।



### ਕਲੇਮਾਈਡੀਆ ਬਾਰੇ ਹੋਰ ਜਾਣੋ:

- ਟੋਲ ਫ੍ਰੀ 'ਤੇ ਫੋਨ ਕਰੋ 1-800-232-4636
- ਜਾਂ ਇੱਥੇ ਵੇਖੋ www.ashastd.org

ਇਹਨਾਂ ਫ਼ੋਟੋਆਂ ਵਿੱਚ ਦਿਖਾਇਆ ਗਿਆ ਕੋਈ ਵੀ ਵਿਅਕਤੀ ਇੱਕ ਮਾਡਲ ਹੈ। ਫੋਟੋਆਂ ਸਿਰਫ ਉਦਾਹਰਣ ਦੇ ਉਦੇਸ਼ਾਂ ਲਈ ਵਰਤੀਆਂ ਜਾਂਦੀਆਂ ਹਨ।

essential access health

## ਇੱਥੇ ਦੱਸਿਆ ਗਿਆ ਹੈ ਕਿ ਗੋਲੀਆਂ ਕਿਵੇਂ ਲੈਣੀਆਂ ਹਨ:

**Doxycycline** (100 mg): 7 ਦਿਨਾਂ ਲਈ ਹਰ ਸਵੇਰ ਅਤੇ ਰਾਤ ਨੂੰ ਇੱਕ-ਇੱਕ ਗੋਲੀ ਲਓ। ਜੇ ਇਹ ਤੁਹਾਡੇ ਪੇਟ ਵਿੱਚ ਕੋਈ ਖਰਾਬੀ ਕਰਦੀ ਹੈ ਤਾਂ ਭੋਜਨ ਜਾਂ ਪਾਣੀ ਨਾਲ ਲਓ। Doxycycline ਲੈਣ ਤੋਂ ਬਾਅਦ 30 ਮਿੰਟ ਲਈ ਸਿੱਧੇ (ਬੈਠੇ ਜਾਂ ਖੜ੍ਹੇ) ਰਹੋ।

**OR Azithromycin** (1 gram): ਜਿਵੇਂ ਹੀ ਤੁਹਾਨੂੰ ਇਹ ਮਿਲਦੀ ਹੈ, ਸਾਰੀ ਦਵਾਈ ਇੱਕ ਵਾਰ ਵਿੱਚ ਲੈ ਲਓ।

- ਇਹਨਾਂ ਗੋਲੀਆਂ ਨੂੰ ਕਿਸੇ ਹੋਰ ਨੂੰ ਸਾਂਝਾ ਨਾ ਕਰੋ ਜਾਂ ਨਾ ਦਿਓ।
- ਤੁਹਾਨੂੰ ਆਪਣੀਆਂ ਗੋਲੀਆਂ ਅਤੇ ਕਿਸੇ ਵੀ ਐਂਟਾਏਸਿਡ (TUMS), ਕੈਲਸ਼ੀਅਮ ਸਪਲੀਮੈਂਟ, ਜਾਂ ਜੁਲਾਬ ਦੇ ਵਿਚਕਾਰ 6 ਘੰਟਿਆਂ ਦਾ ਅੰਤਰ ਰੱਖਣਾ ਚਾਹੀਦਾ ਹੈ।
- ਜਦੋਂ ਤੁਸੀਂ ਇਹ ਦਵਾਈਆਂ, ਖਾਸ ਕਰਕੇ doxycycline, ਲੈਂਦੇ ਹੋ, ਤਾਂ ਤੁਹਾਨੂੰ ਆਸਾਨੀ ਨਾਲ ਸਨ-ਬਰਨ (ਧੁੱਪ ਕਾਰਨ ਚਮੜੀ ਝੁਲਸਣਾ) ਹੋ ਸਕਦਾ ਹੈ।

ਜ਼ਿਆਦਾਤਰ ਲੋਕਾਂ ਨੂੰ ਇਹ ਗੋਲੀਆਂ ਲੈਣ ਤੋਂ ਬਾਅਦ ਗੰਭੀਰ ਮਾੜੇ ਪ੍ਰਭਾਵ ਨਹੀਂ ਹੁੰਦੇ ਹਨ।

- ਕੁਝ ਲੋਕਾਂ ਨੂੰ ਚੱਕਰ ਆ ਸਕਦੇ ਹਨ ਜਾਂ ਪੇਟ ਖਰਾਬ ਹੋ ਸਕਦਾ ਹੈ/ਦਸਤ ਹੋ ਸਕਦੇ ਹਨ।

ਇਹ ਆਮ ਸਮੱਸਿਆਵਾਂ ਹਨ ਜੋ ਕੁਝ ਦਿਨਾਂ ਵਿੱਚ ਆਪਣੇ ਆਪ ਦੂਰ ਹੋ ਜਾਣਗੀਆਂ। ਜੇ ਉਹ ਠੀਕ ਨਹੀਂ ਹੁੰਦੀਆਂ, ਤਾਂ ਆਪਣੇ ਡਾਕਟਰ ਨਾਲ ਗੱਲ ਕਰੋ। ਜੇ ਤੁਹਾਡੀ ਯੋਨੀ ਵਿੱਚ ਖੁਜਲੀ ਜਾਂ ਅਨਿਯਮਿਤ-ਡਿਸਚਾਰਜ ਹੁੰਦਾ ਹੈ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ।

## ਇਹ ਗੋਲੀਆਂ ਜ਼ਿਆਦਾਤਰ ਲੋਕਾਂ ਲਈ ਬਹੁਤ ਸੁਰੱਖਿਅਤ ਹਨ।

ਦਵਾਈ ਲੈਣ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਗੱਲ ਕਰੋ ਜੇ:

- ਤੁਹਾਨੂੰ ਕਦੇ ਵੀ ਐਂਟੀਬਾਇਓਟਿਕ ਦਵਾਈਆਂ ਪ੍ਰਤੀ ਮਾੜੀ ਪ੍ਰਤੀਕਿਰਿਆ, ਧੱਫੜ, ਜਾਂ ਐਲਰਜੀ ਹੋਈ ਹੈ।
- ਤੁਹਾਨੂੰ ਕੋਈ ਗੰਭੀਰ ਬਿਮਾਰੀ ਹੈ ਜਿਵੇਂ ਕਿ ਗੁਰਦੇ, ਦਿਲ, ਜਾਂ ਜਿਗਰ ਦੀ ਬਿਮਾਰੀ।
- ਤੁਸੀਂ ਇਸ ਸਮੇਂ ਕੋਈ ਹੋਰ ਤਜਵੀਜ਼ ਕੀਤੀ ਦਵਾਈ ਲੈ ਰਹੇ ਹੋ।
- ਤੁਸੀਂ ਗਰਭਵਤੀ ਹੋ ਜਾਂ ਹੋ ਸਕਦੇ ਹੋ।
- ਤੁਸੀਂ ਛਾਤੀ ਦਾ ਦੁੱਧ ਪਿਲਾ ਰਹੇ ਹੋ।

## ਲਾਗ ਨੂੰ ਦੂਰ ਹੋਣ ਵਿੱਚ ਕਿੰਨਾ ਸਮਾਂ ਲੱਗਦਾ ਹੈ?

ਇਸ ਵਿੱਚ 7 ਦਿਨ ਲੱਗਦੇ ਹਨ। ਗੋਲੀਆਂ ਲੈਣ ਤੋਂ ਬਾਅਦ ਦੇ ਹਫ਼ਤੇ ਲਈ:

- ਯੋਨੀ, ਲਿੰਗ, ਮੂੰਹ ਜਾਂ ਗੁਦਾ ਨਾਲ ਬਿਲਕੁਲ ਵੀ ਸੈਕਸ ਨਾ ਕਰਨਾ ਸਭ ਤੋਂ ਵਧੀਆ ਹੈ।
- ਜੇ ਤੁਸੀਂ ਸੈਕਸ ਕਰਦੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਕੰਡੋਮ ਦੀ ਵਰਤੋਂ ਕਰਨੀ ਚਾਹੀਦੀ ਹੈ ਨਹੀਂ ਤਾਂ ਤੁਹਾਨੂੰ ਦੁਬਾਰਾ ਕਲੇਮਾਈਡੀਆ ਹੋ ਸਕਦਾ ਹੈ।

## ਕਿਸੇ ਡਾਕਟਰ, ਕਲੀਨਿਕ, ਜਾਂ ਸੰਕਟਕਾਲੀਨ ਕਮਰੇ ਵਿੱਚ ਤੁਰੰਤ ਜਾਓ ਜੇ ਤੁਹਾਡੇ:

- ਪੇਟ ਦੇ ਹੇਠਲੇ ਹਿੱਸੇ ਵਿੱਚ ਦਰਦ ਹੁੰਦਾ ਹੈ।
- ਸੈਕਸ ਦੇ ਨਾਲ ਦਰਦ ਹੁੰਦਾ ਹੈ।
- ਘਰਘਰਾਹਟ ਹੋ ਰਹੀ ਹੈ/ਸਾਹ ਲੈਣ ਵਿੱਚ ਮੁਸ਼ਕਿਲ ਹੋ ਰਹੀ ਹੈ
- ਉਲਟੀਆਂ ਹੋ ਰਹੀਆਂ ਹਨ (ਖਾਧਾ-ਪੀਤਾ ਮੂੰਹ ਰਾਹੀਂ ਬਾਹਰ ਆ ਰਿਹਾ ਹੈ) ।
- ਧੱਫੜ ਜਾਂ ਬੁਖਾਰ ਹੈ।
- ਅੰਡਕੋਸ਼ (ਪਤਾਲੂ) ਵਿੱਚ ਦਰਦ ਜਾਂ ਸੋਜਸ਼ ਹੈ।

ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਵਧੇਰੇ ਗੰਭੀਰ ਲਾਗ ਹੈ ਅਤੇ ਤੁਹਾਨੂੰ ਤੇਜ਼ ਦਵਾਈ ਦੀ ਲੋੜ ਹੋ ਸਕਦੀ ਹੈ, ਜਾਂ ਹੋ ਸਕਦਾ ਹੈ ਤੁਹਾਨੂੰ ਐਂਟੀਬਾਇਓਟਿਕ ਪ੍ਰਤੀ ਐਲਰਜੀ ਵਾਲੀ ਪ੍ਰਤੀਕਿਰਿਆ ਹੋਵੇ।

## ਹੁਣ ਕਲੇਮਾਈਡੀਆ ਟੈਸਟ ਕਰਵਾਓ।

- ਟੈਸਟ ਵਾਸਤੇ ਕੋਈ ਦਰਦ ਨਹੀਂ ਹੁੰਦਾ; ਤੁਹਾਨੂੰ ਸਿਰਫ ਇੱਕ ਕੱਪ ਵਿੱਚ ਪਿਸ਼ਾਬ (ਪਿਸ਼ਾਬ) ਕਰਨਾ ਪੈਂਦਾ ਹੈ। ਇੱਕ ਸਵੈਬ ਟੈਸਟ ਵੀ ਹੈ ਜਿਸਦੀ ਵਰਤੋਂ ਤੁਸੀਂ ਆਪ ਕਰ ਸਕਦੇ ਹੋ।
- ਪਿਛਲੇ 60 ਦਿਨਾਂ ਵਿੱਚ ਜਿਸ ਕਿਸੇ ਨਾਲ ਵੀ ਤੁਸੀਂ ਸੈਕਸ ਕੀਤਾ ਹੈ, ਉਸਨੂੰ ਵੀ ਟੈਸਟ ਕਰਵਾਉਣਾ ਚਾਹੀਦਾ ਹੈ।
- ਜੇ ਨਤੀਜਾ ਪੌਜ਼ੀਟਿਵ ਹੈ, ਤਾਂ ਇਹ ਯਕੀਨੀ ਬਣਾਉਣ ਲਈ 3 ਮਹੀਨਿਆਂ ਵਿੱਚ ਦੁਬਾਰਾ ਟੈਸਟ ਕਰਵਾਓ ਕਿ ਤੁਹਾਨੂੰ ਦੁਬਾਰਾ ਕਲੇਮਾਈਡੀਆ ਨਹੀਂ ਹੋਇਆ।

## ਆਪਣੇ ਨੇੜੇ ਇੱਕ ਕਲੀਨਿਕ ਲੱਭੋ:

- ਆਪਣੇ ਸਾਥੀ ਨੂੰ ਪੁੱਛੋ ਕਿ ਉਸਨੇ ਕਿੱਥੇ ਟੈਸਟ ਕਰਵਾਇਆ ਹੈ ਜਾਂ CDC ਹੌਟਲਾਈਨ ਨੂੰ 800-CDC-INFO ਜਾਂ 800-232-4636 'ਤੇ ਫੋਨ ਕਰੋ।
- ਸਿਫਿਲਿਸ ਅਤੇ HIV ਸਮੇਤ ਹੋਰ STI ਵਾਸਤੇ ਟੈਸਟ ਕਰਵਾਓ।
- ਆਪਣੇ ਆਪ ਨੂੰ PREP (ਪ੍ਰੀ-ਐਕਸਪੋਜ਼ਰ ਪ੍ਰੋਫਾਈਲੈਕਸਿਸ) ਨਾਲ HIV ਤੋਂ ਬਚਾਓ, ਇੱਕ ਰੋਜ਼ਾਨਾ ਗੋਲੀ ਜੋ ਤੁਹਾਨੂੰ HIV ਨੈੇਗੇਟਿਵ ਰਹਿਣ ਵਿੱਚ ਮਦਦ ਕਰਦੀ ਹੈ।